# ਪ੍ਰਧਾਨ ਮੰਤਰੀ ਨੇ ਕੰਬੋਡੀਆ ਦੇ ਰਾਜਾ ਮਹਾਮਹਿਮ ਨਰੋਦੋਮ ਸਿਹਾਮੋਨੀ ਨਾਲ ਮੁਲਾਕਾਤ ਕੀਤੀ

30 ਮਈ, 2023

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਰਾਸ਼ਟਰਪਤੀ ਭਵਨ ਵਿਖੇ ਕੰਬੋਡੀਆ ਦੇ ਰਾਜਾ ਮਹਾਮਹਿਮ ਨਰੋਦੋਮ ਸਿਹਾਮੋਨੀ ਨਾਲ ਮੁਲਾਕਾਤ ਕੀਤੀ, ਜੋ ਕਿ 29-31 ਮਈ 2023 ਤੱਕ ਭਾਰਤ ਦੀ ਆਪਣੀ ਪਹਿਲੀ ਰਾਜ ਫੇਰੀ 'ਤੇ ਹਨ।

2. ਪ੍ਰਧਾਨ ਮੰਤਰੀ ਅਤੇ ਮਹਾਮਹਿਮ ਰਾਜਾ ਸਿਹਾਮੋਨੀ ਨੇ ਦੋਹਾਂ ਦੇਸ਼ਾਂ ਦਰਮਿਆਨ ਡੂੰਘੇ ਸਭਿਆਤਮਕ ਸਬੰਧਾਂ, ਮਜ਼ਬੂਤ ਸੱਭਿਆਚਾਰਕ ਅਤੇ ਲੋਕਾਂ ਤੋਂ ਲੋਕਾਂ ਦੇ ਸੰਪਰਕ 'ਤੇ ਜ਼ੋਰ ਦਿੱਤਾ।

3. ਪ੍ਰਧਾਨ ਮੰਤਰੀ ਨੇ ਸਮਰੱਥਾ ਨਿਰਮਾਣ ਸਮੇਤ ਵਿਭਿੰਨ ਖੇਤਰਾਂ ਵਿੱਚ ਕੰਬੋਡੀਆ ਨਾਲ ਦੁਵੱਲੀ ਭਾਈਵਾਲੀ ਨੂੰ ਮਜ਼ਬੂਤ ਕਰਨ ਸਬੰਧੀ ਭਾਰਤ ਦੇ ਸੰਕਲਪ ਦਾ ਭਰੋਸਾ ਦਿਵਾਇਆ। ਮਹਾਮਹਿਮ ਨੇ ਵਿਕਾਸ ਸਹਿਯੋਗ ਵਿੱਚ ਭਾਰਤ ਦੀਆਂ ਚੱਲ ਰਹੀਆਂ ਪਹਿਲਕਦਮੀਆਂ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ ਅਤੇ ਜੀ-20 ਦੀ ਭਾਰਤ ਦੀ ਪ੍ਰਧਾਨਗੀ ਲਈ ਉਨ੍ਹਾਂ ਦੀ ਸ਼ਲਾਘਾ ਕਰਨ ਸਮੇਤ ਸ਼ੁਭਕਾਮਨਾਵਾਂ ਦਿੱਤੀਆਂ।

**ਨਵੀਂ ਦਿੱਲੀ**

**30 ਮਈ, 2023**